# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਸਿੱਖ, ਮੁਸਲਿਮ, ਕਰਿਸ਼ਚੀਅਨ, ਬੋਧੀ ਅਤੇ ਪਾਰਸੀ ਧਰਮਾਂ ਨਾਲ ਸਬੰਧਤ ਵਿਦਿਆਰਥੀਆਂ ਲਈ

(ਆਖਰੀ ਮਿਤੀ 31.12.2010)

# ਬਿਨੈ ਪੱਤਰ ਦੇਣ ਲਈ ਇਕ ਹੋਰ ਮੌਕਾ

ਸਿੱਖ, ਮੁਸਲਿਮ, ਕਰਿਸ਼ਚੀਅਨ, ਬੋਧੀ ਅਤੇ ਪਾਰਸੀ ਧਰਮਾਂ ਨਾਲ ਸਬੰਧਤ ਪੰਜਾਬ ਰਾਜ ਦੇ ਵਸਨੀਕ, ਪੰਜਾਬ ਰਾਜ ਵਿਚ ਜਾਂ ਭਾਰਤ ਵਿਚ ਕਿਸੇ ਵੀ ਸਥਾਨ ਤੇ ਸਰਕਾਰੀ ਜਾਂ ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲਾਂ/ਕਾਲਜਾਂ/ਸੰਸਥਾਵਾਂ ਸਮੇਤ ਰਿਹਾਇਸ਼ੀ ਸਰਕਾਰੀ ਜਾਂ ਹੋਰ ਯੋਗ ਪ੍ਰਾਈਵੇਟ ਸੰਸਥਾਵਾਂ ਵਿਚ ਗਿਆਰ੍ਹਵੀਂ ਤੋਂ ਪੀਐਚ.ਡੀ. ਤਕ ਸਮੇਤ ਪੋਸਟ ਮੈਟ੍ਰਿਕ ਪੱਧਰ 'ਤੇ ਪੜ੍ਹ ਰਹੇ ਵਿਦਿਆਰਥੀਆਂ ਤੋਂ ਮਿਤੀ 2.9.2010 ਨੂੰ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਸਟੂਡੈਂਟਸ ਬਿਲੌਂਗਿਗ ਟੂ ਮਨਿਓਰਟੀ ਕਮਿਊਨਿਟੀਜ਼ ਸਕੀਮ ਦੀਆਂ ਗਾਈਡ-ਲਾਈਨਜ਼ ਅਨੁਸਾਰ ਨਿਸ਼ਚਿਤ ਪ੍ਰੋਫਾਰਮੇ ਵਿਚ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਦਰਖਾਸਤਾਂ ਪ੍ਰਾਪਤ ਕਰਨ ਦੀ ਆਖਰੀ ਮਿਤੀ 30.9.2010 ਸੀ। ਇਸ ਸਕੀਮ ਅਧੀਨ (ਸਿੱਖ, ਮੁਸਲਿਮ, ਈਸਾਈ, ਬੋਧੀ ਅਤੇ ਪਾਰਸੀ) ਨਾਲ ਸਬੰਧਤ ਜੋ 10+1 ਅਤੇ +2 (ਗਿਆਰ੍ਹਵੀਂ ਅਤੇ ਬਾਰ੍ਹਵੀਂ) ਪੱਧਰ ਦੇ ਤਕਨੀਕੀ ਕੋਰਸ ਅਤੇ ਵੋਕੇਸ਼ਨਲ ਕੋਰਸ, ਅੰਡਰ ਗਰੈਜੂਏਟ, ਐਮ.ਫਿਲ. ਅਤੇ ਪੀਐਚ.ਡੀ. ਸ਼੍ਰੇਣੀਆਂ ਦੇ ਮਾਨਤਾ ਪ੍ਰਾਪਤ ਸੰਸਥਾਵਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਇਹ ਸਕਾਲਰਸ਼ਿਪ ਮੈਰਿਟ-ਕਮ-ਮੀਨਸ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਕਵਰ ਕੀਤੇ ਜਾ ਰਹੇ ਕੋਰਸਾਂ ਤੋਂ ਇਲਾਵਾ ਸੰਸਥਾਵਾਂ ਦੇ ਮੁਖੀਆਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਵੱਲੋਂ ਅਜੇ ਵੀ ਦਰਖਾਸਤਾਂ ਦੇਣ ਬਾਰੇ ਪੜਤਾਲ ਕੀਤੀ ਜਾ ਰਹੀ ਹੈ, ਜਿਸ ਤੋਂ ਸਪਸ਼ਟ ਹੈ ਕਿ ਬਹੁਤ ਸਾਰੇ ਯੋਗ ਵਿਦਿਆਰਥੀ ਦਰਖਾਸਤਾਂ ਦੇਣ ਤੋਂ ਰਹਿ ਗਏ ਹਨ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ, ਸਕੀਮ ਦੇ ਨਾਰਮਜ਼ ਅਨੁਸਾਰ ਯੋਗ ਵਿਦਿਆਰਥੀ, ਜਿਨ੍ਹਾਂ ਵੱਲੋਂ ਪਹਿਲਾਂ ਅਪਲਾਈ ਨਹੀਂ ਕੀਤਾ ਗਿਆ, ਨੂੰ ਇਕ ਹੋਰ ਮੌਕਾ ਦਿੱਤਾ ਗਿਆ ਹੈ। ਅਜਿਹੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਸੰਸਥਾ ਦੇ ਮੁਖੀ ਨੂੰ ਨਿਸ਼ਚਿਤ ਪ੍ਰੋਫਾਰਮੇ ਵਿਚ ਤੁਰੰਤ ਅਪਲਾਈ ਕਰਨ। ਸਬੰਧਤ ਸੰਸਥਾਵਾਂ ਦੇ ਮੁਖੀਆਂ ਵੱਲੋਂ ਯੋਗ ਵਿਦਿਆਰਥੀਆਂ ਦੀਆਂ ਪ੍ਰਾਪਤ ਹੋਈਆਂ ਦਰਖਾਸਤਾਂ ਦੀਆਂ ਸਿਫਾਰਸ਼ਾਂ ਕਰਦੇ ਹੋਏ, ਇਕ ਖੇਪ (Single lot) ਵਿਚ ਇਹ ਦਰਖਾਸਤਾਂ ਨਿਮਨਹਸਤਾਖਰ ਦੇ ਦਫਤਰ ਭਲਾਈ ਵਿਭਾਗ, ਪੰਜਾਬ ਐਸ.ਸੀ.ਓ. ਨੰ. 128-129, ਸੈਕਟਰ 34-ਏ, ਚੰਡੀਗੜ੍ਹ ਵਿਖੇ ਮਿਤੀ 31.12.2010 ਤਕ ਭੇਜਣੀਆਂ ਹੋਣਗੀਆਂ।

**ਸਕਾਲਰਸ਼ਿਪ ਲਈ ਸ਼ਰਤਾਂ:-**

ਇਸ ਸਕੀਮ ਅਧੀਨ ਗੁਜ਼ਾਰਾ ਭੱਤਾ/ਸਕਾਲਰਸ਼ਿਪ ਅਤੇ ਉਨ੍ਹਾਂ ਵੱਲੋਂ ਅਦਾ ਕੀਤੀਆਂ ਗਈਆਂ ਕੋਰਸ ਫੀਸਾਂ ਦੀ ਅਦਾਇਗੀ/ਪ੍ਰਤੀ ਪੂਰਤੀ ਹੇਠ ਦਰਜ ਸ਼ਰਤਾਂ/ਯੋਗਤਾ ਦੇ ਆਧਾਰ 'ਤੇ ਕੀਤੀ ਜਾਣੀ ਹੈ:-

* ਜਿਸ ਵਿਦਿਆਰਥੀ ਨੇ ਪਿਛਲੀ ਅੰਤਿਮ ਪ੍ਰੀਖਿਆ ਵਿਚ ਘੱਟੋ-ਘੱਟ 50% ਨੰਬਰ ਪ੍ਰਾਪਤ ਕੀਤੇ ਹੋਣਗੇ;
* ਇਸ ਸਕੀਮ ਅਧੀਨ ਉਨ੍ਹਾਂ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤਾ ਜਾਵੇਗਾ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.00 ਲੱਖ ਰੁਪਏ ਤੋਂ ਘੱਟ ਹੋਵੇਗੀ;
* ਇਸ ਸਕੀਮ ਅਧੀਨ ਇਕ ਪਰਿਵਾਰ ਦੇ ਦੋ ਤੋਂ ਵੱਧ ਬੱਚਿਆਂ ਨੂੰ ਵਜ਼ੀਫਾ ਨਹੀਂ ਦਿੱਤਾ ਜਾਵੇਗਾ।

**FORMAT TO BE SENT BY INSTITUTION/COLLEGE IN SHAPE OF BOTH HARD AND SOFT COPY ALONG WITH APPLICATION FORMS**

| Sr.No. | Name of student | Father's Name | Male/Female | Religion | Name &address of the school/college/ university | Govt/Pvt. | Class in which studying | % of marks in previous final exam. | Day scholar/hosteller | Bank account No. of the student | Actual annual income of parents/guardians | *New/**Renewal | Admission fee & Tution fee & Tution fee (Rs.) |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |

*** New: The students who are applying First Time for the scholarship.**

**** Renewal: The students who have been earlier benefitted under the scheme (Mention year in which scholarship awarded First time)**

ਨੋਟ:- ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਹ ਲਾਜ਼ਮੀ ਹੈ ਕਿ ਵਜ਼ੀਫੇ ਦੀ ਵੰਡ ਆਨ-ਲਾਈਨ ਬੈਂਕਿੰਗ (On Line Banking) ਰਾਹੀਂ ਕੀਤੀ ਜਾਵੇ। ਇਸ ਲਈ ਐਪਲੀਕੇਸ਼ਨ ਫਾਰਮ ਵਿਚ ਵਿਦਿਆਰਥੀ ਦਾ ਬੈਂਕ ਖਾਤਾ ਲਾਜ਼ਮੀ ਤੌਰ 'ਤੇ ਦਰਜ ਕੀਤਾ ਜਾਵੇ। ਇਸ ਤੋਂ ਇਲਾਵਾ ਜਿਨ੍ਹਾਂ ਵਿਦਿਆਰਥੀਆਂ ਨੇ ਪਹਿਲਾਂ ਪੋਸਟ ਮੈਟ੍ਰਿਕ ਜਾਂ ਮੈਰਿਟ-ਕਮ-ਮੀਨਸ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਦਰਖਾਸਤਾਂ ਭੇਜੀਆਂ ਹੋਈਆਂ ਹਨ ਅਤੇ ਬੈਂਕ ਖਾਤਾ ਨੰਬਰ ਨਹੀਂ ਦਿੱਤਾ, ਉਹ ਵੀ ਆਪਣੇ ਬੈਂਕ ਖਾਤਿਆਂ ਬਾਰੇ ਸੂਚਨਾ ਮਿਤੀ 31.12.2010 ਤਕ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਉਣ।

ਦਰਖਾਸਤਾਂ ਅਤੇ ਇਸ ਸਕੀਮ ਬਾਰੇ ਮੁਕੰਮਲ ਜਾਣਕਾਰੀ ਲਈ ਭਾਰਤ ਸਰਕਾਰ ਦੀ ਵੈੱਬਸਾਈਟ www.miniorityaffairs.gov.in 'ਤੇ ਵੇਖੀ ਜਾ ਸਕਦੀ ਹੈ।

**ਡਾਇਰੈਕਟਰ**

**ਭਲਾਈ ਵਿਭਾਗ, ਪੰਜਾਬ**

DPR/Pb-5399-D